ਪਰਤੀਤੀਆਂ ਦਾ ਬਚਾਉਣਵਾਲਾ ਹੈ, ਭਰੋਸਾ ਕੀਤਾ ਹੈ। ਇਨ੍ਹਾਂ ੧੧
ਗੱਲਾਂ ਦਾ ਹੁਕਮ ਕਰ, ਅਰ ਸਿਖਲਾਉ। ਕਿਸੇ ਨੂੰ ਆਪਣੀ ੧੨
ਜੁਆਨੀ ਦੀ ਨਿੰਦਿਆ ਨਾ ਕਰਨ ਦਿਹ; ਬਲਕ ਤੂੰ ਪਰਤੀਤੀ-
ਆਂ ਲਈ, ਬਚਨ ਵਿੱਚ, ਚਾਲ ਚਲਣ ਵਿੱਚ, ਪ੍ਰੇਮ ਵਿੱਚ, ਆਤ-
ਮਾ ਵਿੱਚ, ਪਰਤੀਤ ਵਿੱਚ, ਪਵਿਤ੍ਰਤਾਈ ਵਿੱਚ, ਨਮੂਨਾ ਬਣ।
ਜਦ ਲਗ ਮੈਂ ਆਵਾਂ, ਤੂੰ ਪੜ੍ਹਦਾ, ਅਰ ਨਸੀਹਤ ਕਰਦਾ, ਅਰ ੧੩
ਸਿੱਖਿਆ ਦਿੰਦਾ ਰਹੁ। ਤੂੰ ਉਸ ਨਿਆਮਤ ਤੇ ਜੋ ਤੇਰੇ ਵਿੱਚ ਹੈ, ੧੪
ਅਰ ਤੈ ਨੂੰ ਪਿਕੰਬਰਵਾਕ ਦੇ ਰਾਹ ਪੁਰਾਤਮਾਂ ਦੇ ਹੱਥ ਰੱਖਣ ਨਾਲ
ਦਿੱਤੀ ਹੋਈ ਹੈ, ਗਾਫਲ ਨਾ ਹੋ। ਇਨ੍ਹਾਂ ਗੱਲਾਂ ਦਾ ਫਿਕਰ ਕਰ; ੧੫
ਇਨ੍ਹਾਂ ਵਿੱਚ ਲੱਗਿਆ ਰਹੁ — ਭਈ ਤੇਰਾ ਵਧਣਾ ਸਭਨਾਂ ਪੁਰ
ਪਰਗਟ ਹੋਵੇ। ਆਪਣੇ ਆਪ ਦੀ ਅਰ ਆਪਣੀ ਸਿੱਖਿਆ ੧੬
ਦੀ ਚੌਕਸੀ ਕਰ; ਉਨ੍ਹਾਂ ਪੁਰ ਕਾਇਮ ਰਹੁ; ਕਿਉਂਕਿ ਤੂੰ ਇਹ ਕਰ-
ਕੇ ਆਪ ਨੂੰ ਅਰ ਉਨ੍ਹਾਂ ਨੂੰ ਜੋ ਤੇਰੀ ਸੁਣਦੇ ਹਨ, ਬਚਾਵੇਂਗਾ॥

ਕਿਸੇ ਬੁੱਢੇ ਨੂੰ ਨਾ ਝਿੜਕੀਂ, ਬਲਕ ਉਸ ਨੂੰ ਉਸ ਤਰਾਂ ਸਮ- ੫ ਕਾਂਡ
ਝਾਉ, ਜਿਸ ਤਰਾਂ ਬਾਪ ਨੂੰ ਸਮਝਾਉਂਦਾ; ਅਰ ਜਵਾਨਾਂ ਨੂੰ ਐਉਂ,
ਜਿਸ ਤਰਾਂ ਭਰਾਵਾਂ ਨੂੰ; ਅਰ ਬੁੱਢੀਆਂ ਨੂੰ ਐਉਂ ਜਿੱਕੁਰ ਮਾਉਂ ੨
ਨੂੰ; ਅਰ ਮੁਟਿਆਰਾਂ ਨੂੰ ਐਉਂ, ਜਿੱਕੁਰ ਭੈਣਾਂ ਨੂੰ — ਅੱਤ ਪਵਿ-
ਤ੍ਰਤਾਈ ਨਾਲ। ਰੰਡੀਆਂ ਨੂੰ ਜੋ ਸੱਚੀਮੁੱਚੀ ਰੰਡੀਆਂ ਹਨ, ਹੁਰ- ੩
ਮਤ ਦਿਹ। ਪਰ ਜੇ ਕਿਸੇ ਰੰਡੀ ਦੇ ਪੁੱਤ ਅਥਵਾ ਪੋਤੇ ਹੋਣ, ਤਾਂ ੪
ਓਹ ਪਹਿਲਾਂ ਇਹ ਸਿੱਖਣ, ਜੋ ਆਪਣੇ ਘਰ ਦੀ ਬਾਬਤ ਧਰਮੀ
ਬਣਨ, ਅਤੇ ਮਾਤਪਿਤਾ ਦਾ ਹੱਕ ਪੁਚਾਉਣ; ਕਿਉਂਕਿ ਇਹ
ਭਲਾ, ਅਤੇ ਪਰਮੇਸੁਰ ਦੇ ਹੁਜੂਰ ਪਸਿੰਦ ਹੈ। ਪਰ ਜਿਹੜੀ ਸੱਚੀ ੫
ਰੰਡੀ, ਅਰ ਕੱਲੀ ਹੀ ਛੱਡੀ ਹੋਈ ਹੈ, ਸੋ ਪਰਮੇਸੁਰ ਪੁਰ ਭਰੋਸਾ
ਰੱਖਣਵਾਲੀ ਹੈ; ਅਰ ਰਾਤ ਦਿਨ ਬੇਨਤੀਆਂ ਅਰ ਦੁਆਂ ਵਿੱਚ
ਲੱਗੀ ਰਹਿੰਦੀ ਹੈ। ਪਰ ਜੋ ਸੁਖ ਭੋਗਦੀ ਹੈ, ਸੋ ਜੀਉਂਦੇ ਜੀ ਮਰੀ ੬

੭ ਹੋਈ ਹੈ। ਅਰ ਤੂੰ ਇਨ੍ਹਾਂ ਗੱਲਾਂ ਦਾ ਹੁਕਮ ਕਰ—ਭਈ ਓਹ
੮ ਨਿਰਦੋਸ ਠਹਿਰਨ। ਪਰ ਜੇ ਕੋਈ ਆਪਣਿਆਂ ਦੇ ਲਈ, ਅਰ
ਬਹੁਤ ਕਰਕੇ ਆਪਣੇ ਘਰ ਦਿਆਂ ਦੇ ਲਈ, ਚਿੰਤਾ ਨਹੀਂ ਕਰ-
ਦਾ, ਤਾਂ ਇਮਾਨ ਤੇ ਮੁੱਕਰਿਆ, ਅਰ ਬੇਈਮਾਨ ਤੇ ਬੁਰਾ ਹੈ।
੯ ਅਜਿਹੀ ਰੰਡੀ ਗਿਣਤੀ ਵਿੱਚ ਆਵੇ, ਜੋ ਸੱਠਾਂ ਬਰਸਾਂ ਤੇ ਘੱਟ
੧੦ ਦੀ ਨਾ ਹੋਵੇ, ਅਤੇ ਇੱਕੋ ਭਰਤੇ ਦੀ ਬਹੁਟੀ ਸੀ; ਅਰ ਉਸ ਦੇ
ਸੁਭ ਕਰਮਾਂ ਦੇ ਉਗਾਹ ਹੋਣ, ਅਰਥਾਤ ਜੋ ਉਸ ਨੈ ਬਾਲਕਾਂ ਨੂੰ
ਪਾਲਿਆ ਹੋਵੇ, ਅਰ ਮੁਸਾਫਰਾਂ ਨੂੰ ਆਪਣੇ ਪਾਸ ਉਤਾਰਿ-
ਆ ਹੋਵੇ, ਅਰ ਪਵਿਤ੍ਰ ਲੋਕਾਂ ਦੇ ਚਰਨ ਧੋਤੇ ਹੋਣ, ਅਰ ਦੁਖੀ-
ਆਂ ਦੀ ਸਹਾਇਤਾ ਕਰੀ ਹੋਵੇ, ਅਰ ਹਰੇਕ ਅੱਛੇ ਕੰਮ ਦਾ
੧੧ ਪਿੱਛਾ ਕੀਤਾ ਹੋਵੇ। ਪਰ ਮੁਟਿਆਰਾਂ ਰੰਡੀਆਂ ਤੇ ਇਨਕਾਰ
ਕਰ; ਕਿੰਉਕਿ ਜਾਂ ਓਹ ਮਸੀਹ ਤੇ ਉਲਟੀਆਂ ਚੰਚਲਾਈਆਂ
ਕਰਦੀਆਂ ਹਨ, ਤਾਂ ਵਿਆਹ ਕੀਤਾ ਚਾਹੁੰਦੀਆਂ ਹਨ; ਅਰ
੧੨ ਦੋਸਣਾਂ ਠਹਿਰਦੀਆਂ ਹਨ—ਇਸ ਲਈ ਜੋ ਉਨ੍ਹਾਂ ਨੈ ਅਗਲੇ
੧੩ ਇਮਾਨ ਨੂੰ ਤਿਆਗ ਦਿੱਤਾ। ਅਰ ਇਸ ਤੇ ਬਿਨਾ ਓਹ ਘਰ ਘਰ
ਫਿਰਕੇ ਆਲਸਣਾਂ ਹੋਣ ਨੂੰ ਸਿੱਖਦੀਆਂ ਹਨ; ਅਰ ਨਿਰੀਆਂ
ਆਲਸਣਾਂ ਨਹੀਂ, ਬਲਕ ਬਕਵਾਦਣਾਂ, ਅਰ ਹਰ ਕਿਸੇ ਦੇ ਕੰਮ
ਵਿੱਚ ਹੱਥ ਪਾਉਣਵਾਲੀਆਂ ਹੁੰਦੀਆਂ ਹਨ, ਅਰ ਅਜੋਗ
੧੪ ਗੱਲਾਂ ਕਰਦੀਆਂ ਹਨ। ਉਪਰੰਦ ਮੇਰੀ ਮਰਜੀ ਇਹ ਹੈ, ਜੋ
ਮੁਟਿਆਰ ਰੰਡੀਆਂ ਵਿਆਹ ਕਰਨ, ਅਰ ਪੁੱਤ ਧੀਆਂ ਜਣਨ,
ਅਰ ਗਰਿਸਤ ਦਾ ਕੰਮ ਕਰਨ, ਅਰ ਵਿਰੋਧੀ ਨੂੰ ਨਿੰਦਿਆ
੧੫ ਕਰਨ ਦਾ ਕਾਬੂ ਨਾ ਦੇਣ। ਕਿੰਉਕਿ ਕਿਤਨੀਆਂ ਹੀ ਹੁਣੇ ਸਤਾਨ
੧੬ ਦੇ ਮਗਰ ਫਿਰ ਗਈਆਂ ਹਨ। ਜੇ ਕਿਸੀ ਪਤੀਜਣਵਾਲੇ ਅਥ-
ਵਾ ਪਤੀਜਣਵਾਲੀ ਦੀਆਂ ਰੰਡੀਆਂ ਹੋਣ, ਤਾਂ ਉਹੋ ਉਨ੍ਹਾਂ ਦੀ
ਸਹਾਇਤਾ ਕਰੇ, ਅਰ ਕਲੀਸਿਯਾ ਪੁਰ ਭਾਰ ਨਾ ਹੋਵੇ—ਇਸ

ਲਈ ਕਿ ਉਹ ਉਨ੍ਹਾਂ ਦੀ, ਜੋ ਸੱਚਮੁੱਚ ਰੰਡੀਆਂ ਹਨ, ਸਹਾਇ-
ਤਾ ਕਰੇ ॥
ਉਨ੍ਹਾਂ ਪ੍ਰਾਚੀਨਾਂ ਨੂੰ ਜੋ ਅੱਛੀ ਤਰਾਂ ਨਾਲ਼ ਅਗਵਾਈ ਕਰਦੇ ੧੭
ਹਨ, ਨਿਜ ਕਰਕੇ ਤਿਨ੍ਹਾਂ ਨੂੰ ਜੋ ਕਥਾ ਅਰ ਸਿੱਖਿਆ ਵਿੱਚ
ਮਿਹਨਤ ਕਰਦੇ ਹਨ, ਦੂਲੇ ਆਦਰ ਦੇ ਲਾਇਕ ਜਾਣੋ। ਕਿੰਉ- ੧੮
ਕਿ ਕਿਤੇਬ ਇਹ ਕਹਿੰਦੀ ਹੈ, ਜੋ ਗਾਹੁਣਵਾਲੇ ਬਲਦ ਦਾ
ਮੂੰਹ ਨਾ ਬੰਨੀਂ; ਅਰ ਇਹ, ਜੋ ਮਜੂਰ ਆਪਣੀ ਮਜੂਰੀ ਦੇ ਲਾ-
ਇਕ ਹੈ। ਜੋ ਦਾਵਾ ਕਿਸੇ ਪ੍ਰਾਚੀਨ ਪੁਰ ਹੋਵੇ, ਸੋ ਦੋ ਯਾ ਤਿੰਨ ੧੯
ਉਗਾਹਾਂ ਤੇ ਬਿਨਾ ਕਬੂਲ ਨਾ ਕਰ। ਪਾਪ ਕਰਨਵਾਲਿਆਂ ਨੂੰ ੨੦
ਸਭਨਾਂ ਦੇ ਸਾਮ੍ਹਣੇ ਦਬਕ—ਭਈ ਹੋਰਨਾਂ ਨੂੰ ਬੀ ਡਰ ਲੱਗੇ।
ਮੈਂ ਪਰਮੇਸੁਰ ਅਰ ਪ੍ਰਭੁ ਯਿਸੂ ਮਸੀਹ ਅਰ ਚੁਣਿਆਂ ਹੋਇਆਂ ੨੧
ਦੂਤਾਂ ਦੇ ਅੱਗੇ, ਹੁਕਮ ਦਿੰਦਾ ਹਾਂ, ਕਿ ਤੂੰ ਪੱਖ ਬਿਚਾਰੇ ਤੇ ਬਿਨਾ
ਇਨ੍ਹਾਂ ਗੱਲਾਂ ਦੀ ਧਾਰਨਾ ਕਰ, ਅਰ ਕਿਸੀ ਕੰਮ ਵਿੱਚ ਤਰਫਦਾ-
ਰੀ ਨਾ ਕਰ। ਕਿਸੀ ਪੁਰ ਛੇਤੀ ਹੱਥ ਨਾ ਰੱਖ; ਅਤੇ ਨਾ ਹੋਰਨਾਂ ਦੇ ੨੨
ਪਾਪਾਂ ਵਿੱਚ ਸਾਂਝੀ ਹੋ; ਆਪਣੇ ਆਪ ਨੂੰ ਪਵਿਤ੍ਰ ਰੱਖ। ਅੱਗੇ ੨੩
ਨੂੰ ਛੜਾ ਪਾਣੀ ਨਾ ਪੀਆ ਕਰ, ਬਲਕ ਆਪਣੇ ਪੇਟ ਅਰ
ਬਹੁਤੀਆਂ ਸੁਸਤੀਆਂ ਦੇ ਕਾਰਨ ਥੁਹੁੜੀਜਿਹੀ ਅੰਗੂਰੀ ਸਰਾਬ
ਕੰਮ ਵਿੱਚ ਲਿਆਉ। ਕਿਤਨਿਆਂ ਮਨੁੱਖਾਂ ਦੇ ਪਾਪ ਪਹਿਲਾਂ ਹੀ ੨੪
ਪਰਗਟ ਹਨ, ਅਰ ਅਦਾਲਤ ਵਿੱਚ ਅੱਗੇ ਅੱਗੇ ਜਾਂਦੇ ਹਨ;
ਅਰ ਕਈਆਂ ਦੇ ਪਾਪ ਪਿੱਛੋਂ ਜਾਂਦੇ ਹਨ। ਇਸੀ ਤਰਾਂ ਨਾਲ਼ ੨੫
ਸੁਭ ਕਰਮ ਪਹਿਲਾਂ ਹੀ ਪਰਗਟ ਹਨ, ਅਰ ਓਹ ਕੰਮ ਜੋ ਹੋਰ
ਤਰਾਂ ਦੇ ਹਨ, ਲੁਕ ਨਹੀਂ ਸੱਕਦੇ ॥

## ੬ ਕਾਂਡ

ਜਿਤਨੇ ਨੌਕਰ ਜੂਲੇ ਦੇ ਹੇਠ ਹਨ, ਆਪਣੇ ਮਾਲਕਾਂ ਨੂੰ ਵਡੀ
ਇੱਜਤ ਦੇ ਲਾਇਕ ਜਾਣਨ—ਭਈ ਪਰਮੇਸੁਰ ਦੇ ਨਾਉਂ ਦੀ,
ਅਰ ਸਿੱਖਿਆ ਦੀ ਨਿੰਦਿਆ ਨਾ ਹੋਵੇ। ਅਤੇ ਜਿਨ੍ਹਾਂ ਦੇ ਮਾ- ੨

ਲਕ ਪਰਤੀਤੀ ਹਨ, ਸੋ ਉਨ੍ਹਾਂ ਨੂੰ ਭਾਈ ਹੋਣ ਕਰਕੇ ਮਾੜੇ ਨਾ
ਜਾਣਨ; ਬਲਕ ਇਸ ਲਈ ਕਿ ਓਹ ਪਰਤੀਤੀ, ਅਰ ਪਿਆਰੇ,
ਅਰ ਨਿਆਮਤ ਵਿੱਚ ਸਾਂਝੀ ਹਨ, ਉਨ੍ਹਾਂ ਦੀ ਵਧੀਕ ਟਹਿਲ
੩ ਕਰਨ। ਏਹ ਗੱਲਾਂ ਸਿਖਾਲ੍ਹ, ਅਤੇ ਨਸੀਹਤ ਕਰ। ਜੇ ਕੋਈ
ਦੂਜੀ ਸਿੱਖਿਆ ਦਿੰਦਾ ਹੈ, ਅਰ ਸਾਡੇ ਪ੍ਰਭੁ ਜਿਸੂ ਮਸੀਹ ਦੇ
ਸਹੀ ਬਚਨ ਨੂੰ, ਅਰ ਉਸ ਸਿੱਖਿਆ ਨੂੰ ਜੋ ਭਗਤਾਈ ਦੇ ਅਨੁ-
੪ ਸਾਰ ਹੈ, ਨਹੀਂ ਮੰਨਦਾ, ਉਹ ਘਮੰਡੀ ਹੈ, ਅਰ ਕੁਛ ਨਹੀਂ ਜਾਣ-
ਦਾ; ਬਲਕ ਉਸ ਨੂੰ ਝਗੜਿਆਂ ਅਰ ਹੁੱਜਤਾਂ ਦਾ ਰੋਗ ਹੈ;
ਜਿਨ੍ਹਾਂ ਤੇ ਬਖੀਲੀ, ਅਰ ਬਖੇੜਾ, ਅਰ ਦੁਰਬਚਨ, ਅਰ ਖੋਟੇ
੫ ਭਰਮ, ਅਰ ਅਜਿਹੇ ਟੰਟੇ ਪੈਦਾ ਹੁੰਦੇ ਹਨ, ਜਿਹੇਕੁ ਓਹ ਮਨੁੱਖ
ਕਰਦੇ ਹਨ, ਜਿਨ੍ਹਾਂ ਦੀ ਅਕਲ ਬਿਗੜ ਗਈ, ਅਰ ਜਿਨ੍ਹੀਂ ਸਚਿ-
ਆਈ ਖੋ ਦਿੱਤੀ ਹੈ, ਅਰ ਇਹ ਸਮਝਦੇ ਹਨ, ਕਿ ਭਗਤਾਈ
੬ ਨਫਾ ਹੈ: ਤੂੰ ਅਜਿਹਿਆਂ ਤੇ ਪਰੇ ਰਹੁ। ਪਰ ਭਗਤਾਈ ਸੰ-
੭ ਤੋਖ ਦੇ ਨਾਲ੍ਹ ਵਡਾ ਨਫਾ ਤਾ ਹੈ; ਕਿੰਉਕਿ ਅਸੀਂ ਜਗਤ ਵਿਖੇ
ਕੁਛ ਨਹੀਂ ਲਿਆਏ, ਅਰ ਪਰਗਟ ਹੈ, ਜੋ ਅਸੀਂ ਉਸ ਵਿੱਚੋਂ
੮ ਕੁਛ ਨਹੀਂ ਲਜਾ ਸੱਕਦੇ। ਸੋ ਅਸੀਂ ਭੋਜਨ ਅਰ ਬਸਤ੍ਰ ਰੱਖਕੇ
੯ ਉਨ੍ਹਾਂ ਹੀ ਤੇ ਸੰਤੋਖੀ ਰਹਿਯੇ। ਪਰ ਓਹ ਜੋ ਧਨਮਾਨ ਬਣਿਆ
ਚਾਹੁੰਦੇ ਹਨ, ਸੋ ਪਰਤਾਵੇ ਅਰ ਫਾਹੇ ਵਿੱਚ, ਅਰ ਬਹੁਤਸਾਰੀ-
ਆਂ ਮੂਰਖਪੁਣੇ ਦੀਆਂ ਅਰ ਨੁਕਸਾਨ ਪੁਚਾਉਣਵਾਲੀਆਂ
ਵਾਸਨਾਂ ਵਿੱਚ ਪੈਂਦੇ ਹਨ, ਜੋ ਮਨੁੱਖਾਂ ਨੂੰ ਖਰਾਬੀ ਅਰ ਨਾਸ ਵਿਖੇ
੧੦ ਡੁਬਾਉਂਦੀਆਂ ਹਨ। ਕਿੰਉਕਿ ਰੁਪੱਏ ਦਾ ਲਾਲਚ ਸਰਬੱਤ
ਬੁਰਿਆਈਆਂ ਦੀ ਜੜ੍ਹ ਹੈ; ਅਰ ਕਈ ਲੋਕ ਉਸ ਨੂੰ ਚਾਹਕੇ
ਪਰਤੀਤ ਦੇ ਰਾਹੋਂ ਭਟਕ ਗਏ, ਅਰ ਆਪਣੇ ਆਪ ਨੂੰ ਅਨੇਕ
੧੧ ਪਰਕਾਰ ਦੇ ਗਮਾਂ ਨਾਲ੍ਹ ਬਿੰਨ੍ਹਿਆ ਹੈ। ਪਰ ਹੇ ਪਰਮੇਸੁਰ ਦੇ
ਮਾਣਸ, ਤੂੰ ਇਨ੍ਹਾਂ ਚੀਜਾਂ ਤੇ ਭੱਜ; ਅਰ ਧਰਮ, ਭਗਤਾਈ,

ਪਰਤੀਤ, ਪ੍ਰੇਮ, ਸੰਤੋਖ, ਕੋਮਲਤਾਈ ਦਾ ਪਿੱਛਾ ਕਰ। ਪਰਤੀਤ ੧੨
ਦੀ ਅੱਛੀ ਲੜਾਈ ਲੜ; ਸਦੀਪਕ ਜੀਉਣ ਨੂੰ ਫੜ; ਕਿਉਸ ਦੇ
ਕਾਰਨ ਤੂੰ ਬੁਲਾਇਆ ਗਿਆ; ਅਰ ਤੈਂ ਬਹੁਤ ਸਾਰਿਆਂ ਉਗਾ-
ਹਾਂ ਦੇ ਅੱਗੇ ਅੱਛੀ ਮੰਨਣਾ ਮੰਨ ਲਈ। ਮੈਂ ਪਰਮੇਸੁਰ ਦੇ ਹੁਜੂਰ, ੧੩
ਜੋ ਸਰਬੱਤ ਚੀਜਾਂ ਨੂੰ ਜੀਉਂਦੀਆਂ ਰੱਖਦਾ ਹੈ, ਅਤੇ ਮਸੀਹ
ਜਿਸੂ ਦੇ ਹੁਜੂਰ, ਜਿਸ ਨੈ ਪਨਤੂਸ ਪਿਲਾਤੂਸ ਦੇ ਅੱਗੇ ਅੱਛੀ
ਮੰਨਣਾ ਦੀ ਸਾਖੀ ਦਿੱਤੀ, ਤੈ ਨੂੰ ਤਗੀਦ ਕਰਦਾ ਹਾਂ, ਕਿ ਤੂੰ ਆਗਿ- ੧੪
ਆ ਨੂੰ ਸਾਡੇ ਪ੍ਰਭੁ ਜਿਸੂ ਮਸੀਹ ਦੇ ਪਰਗਟ ਹੋਣ ਲਗ ਨਿਹ-
ਕਲੰਕ ਅਰ ਨਿਰਦੋਸ ਰੱਖ: ਜਿਸ ਨੂੰ ਉਹ ਆਪਣੇ ਸਮਿਆਂ ੧੫
ਵਿਖੇ ਪਰਗਟ ਕਰੇਗਾ, ਜੋ ਧੰਨ ਅਰ ਕੱਲਾ ਹੀ ਸਾਮਰਥੀ, ਰਾ-
ਜਿਆਂ ਦਾ ਰਾਜਾ ਅਰ ਪ੍ਰਭੁਆਂ ਦਾ ਪ੍ਰਭੁ ਹੈ; ਅਰ ਨਿਰਾ ਉਹੋ ੧੬
ਅਮਰਪੁਣਾ ਰੱਖਦਾ ਹੈ; ਅਤੇ ਉਹ ਉਸ ਜੋਤ ਵਿੱਚ ਵਸਦਾ ਹੈ,
ਜਿਸ ਲਗ ਕਿਸੇ ਦੀ ਪਹੁੰਚ ਨਹੀਂ ਹੁੰਦੀ; ਅਰ ਮਨੁੱਖਾਂ ਵਿੱਚੋਂ
ਕਿਸੇ ਨੈ ਉਸ ਨੂੰ ਨਹੀਂ ਦੇਖਿਆ, ਅਰ ਕੋਈ ਦੇਖ ਨਹੀਂ ਸੱਕਦਾ
ਹੈ: ਉਸੀ ਦਾ ਆਦਰ ਅਰ ਪਰਾਕਰਮ ਸਦਾ ਹੈ। ਆਮੀਂ ॥
ਇਸ ਜੁਗ ਦੇ ਧਨੀਆਂ ਨੂੰ ਹੁਕਮ ਦਿਹ, ਜੋ ਮਨ ਵਿੱਚ ਗਰਬ ੧੭
ਨਾ ਕਰਨ, ਅਤੇ ਬੇਠਿਕਾਣੇ ਧਨ ਪੁਰ ਨਹੀਂ, ਬਲਕ ਜੀਉਂਦੇ
ਪਰਮੇਸੁਰ ਪੁਰ ਆਸਰਾ ਰੱਖਣ, ਜੋ ਉਹ ਸਾਡੇ ਭੋਗਾਂ ਦੇ ਲਈ
ਸਭ ਕੁਛ ਬਹੁਤਾਇਤ ਨਾਲ਼ ਦਿੰਦਾ ਹੈ। ਅਰ ਇਹ ਬੀ ਆਖ, ੧੮
ਕਿ ਓਹ ਭਲਾ ਕਰਨ, ਅਰ ਸੁਭ ਕਰਮਾਂ ਵਿੱਚ ਧਨੀ, ਅਰ ਦਾਨ
ਕਰਨ ਵਿਖੇ ਸਿੱਧ, ਅਰ ਵੰਡਣ ਲਈ ਤਿਆਰ ਹੋਣ; ਅਰ ਅੱਗੇ ੧੯
ਲਈ ਇੱਕ ਭਲੀ ਨੀਉਂ ਆਪਣੇ ਵਾਸਤੇ ਸਾਜ ਰੱਖਣ; ਤਈ
ਓਹ ਸਦੀਪਕ ਜੀਉਣ ਨੂੰ ਫੜ ਲੈਣ। ਹੇ ਤਿਮਤਾਊਸ, ਉਹ ਜੋ ੨੦
ਤੈ ਨੂੰ ਸੌਂਪਿਆ ਗਿਆ, ਤਕੜਾਈ ਨਾਲ਼ ਰੱਖ; ਅਰ ਧਰਮ-
ਹੀਣ ਅਤੇ ਅਨਰਥ ਬਕਬਕਾਊਟਾਂ ਤੇ, ਅਰ ਉਸ ਬਸਤ ਦੇ

ਝਗੜਿਆਂ ਤੇ ਜੋ ਝੂਠਾਈ ਨਾਲ਼ ਬਿੱਦਿਆ ਕਹਾਉਂਦੀ ਹੈ,
੨੧ ਮੂੰਹ ਮੋੜ ਲੈ: ਕਿ ਕਈ ਲੋਕ ਉਸ ਬਿੱਦਿਆ ਦਾ ਕਰਾਰ
ਕਰਕੇ ਪਰਤੀਤ ਤੇ ਭਟਕ ਗਏ ਹਨ॥ ਕਿਰਪਾ ਤੇਰੇ ਪੁਰ ਹੋ-
ਵੇ॥ ਆਮੀਂ॥